# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਵਾਰਡ ਨੰ: 42 ਦੇ ਮੁਹੱਲਾ ਕਮਾਲਪੁਰ ਵਿਖੇ 12.32 ਲੱਖ ਰੁਪਏ ਦੀ ਲਾਗਤ ਨਾਲ ਇੰਨਟਰਲਾਕਿੰਗ ਟਾਈਲਾਂ ਲਗਾਉਣ ਦੇ ਕੰਮ ਦੀ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 09 ਜੁਲਾਈ ਨਗਰ ਨਿਗਮ ਦੇ ਸਾਰੇ ਵਾਰਡਾਂ ਦੀਆਂ ਲਿੰਕ ਸੜਕਾਂ ਅਤੇ ਗਲੀਆਂ ਇੰਨਟਰਲਾਕਿੰਗ ਟਾਈਲਾਂ 11 ਕਰੋੜ ਰੁਪਏ ਅਤੇ ਪ੍ਰੀ-ਮਿਕਸ 8 ਕਰੋੜ ਰੁਪਏ ਦੀ ਲਾਗਤ ਨਾਲ ਬਣਾਉਣ ਦਾ ਕੰਮ ਜੰਗੀ ਪੱਧਰ ਤੇ ਕੀਤਾ ਜਾ ਰਿਹਾ ਹੈ ਅਤੇ ਵਿਕਾਸ ਦੇ ਕੰਮਾਂ ਵਿਚ ਉਚ ਕੁਆਲਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ। ਇਹ ਵਿਚਾਰ ਮੁੱਖ ਮੰਤਰੀ ਪੰਜਾਬ ਦੇ ਰਾਜਨੀਤੀਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰ: 42 ਦੇ ਮੁਹੱਲਾ ਕਮਾਲਪੁਰ ਵਿਖੇ 12.32 ਲੱਖ ਰੁਪਏ ਦੀ ਲਾਗਤ ਨਾਲ ਇੰਨਟਲਾਕਿੰਗ ਟਾਈਲਾਂ ਦੇ ਕੰਮ ਦੀ ਰੀਬਨ ਕੱਟ ਕੇ ਸ਼ੁਰੂਆਤ ਕਰਨ ਕਰਨ ਮੌਕੇ ਪ੍ਰਗਟ ਕੀਤੇ। ਵਾਰਡ ਨੰ: 42 ਦੇ ਕੌਂਸਲਰ ਸੁਰੇਸ਼ ਭਾਟੀਆ ਬਿੱਟੂ ਨੇ ਇਸ ਮੌਕੇ ਤੇ ਨਾਰੀਅਲ ਤੋੜਨ ਦੀ ਰਸਮ ਅਦਾ ਕੀਤੀ। ਤਿਕਸ਼ਨ ਸੂਦ ਨੇ ਇਸ ਮੌਕੇ ਤੇ ਦੱਸਿਆ ਕਿ ਮੇਅਰ ਸ਼ਿਵ ਸੂਦ ਦੀ ਅਗਵਾਈ ਵਿਚ ਨਗਰ ਨਿਗਮ ਵੱਲੋਂ ਸ਼ਹਿਰ ਦਾ ਸਰਬਪੱਖੀ ਵਿਕਾਸ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਵਾਰਡ ਵਿਚ ਕੁਝ ਸਮਾਂ ਪਹਿਲਾਂ 25 ਲੱਖ ਰੁਪਏ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਦਾ ਟਿਊਬਵੈਲ ਲਗਾਇਆ ਗਿਆ ਹੈ, ਵੱਖ-ਵੱਖ ਗਲੀਆਂ ਵਿਚ ਇੰਨਟਰਲਾਕਿੰਗ ਟਾਈਲਾਂ ਲਗਾਉਣ ਤੇ 35 ਲੱਖ ਰੁਪਏ ਖਰਚ ਕੀਤੇ ਗਏ ਹਨ ਅਤੇ ਕੱਚੇ ਕੁਆਟਰ ਪਾਰਕ ਵਿਚ ਅਧੂਰੇ ਪਏ ਕਮਿਊਨਟੀ ਸੈਂਟਰ ਨੂੰ ਪੂਰਾ ਕਰਨ ਲਈ 4 ਲੱਖ ਰੁਪਏ ਖਰਚ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਵਾਰਡ ਨੰ: 42 ਦੇ ਰਹਿੰਦੇ ਵਿਕਾਸ ਕਾਰਜ ਵੀ ਵਾਰਡ ਵਾਸੀਆਂ ਅਤੇ ਕੌਂਸਲਰ ਸੁਰੇਸ਼ ਭਾਟੀਆ ਬਿੱਟੂ ਦੀ ਮੰਗ ਅਨੁਸਾਰ ਜਲਦੀ ਹੀ ਕਰਵਾਏ ਜਾਣਗੇ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਕਰਨ ਲਈ 22 ਹੋਰ ਨਵੇਂ ਟਿਊਬਵੈਲ ਲਗਾਏ ਜਾ ਰਹੇ ਹਨ, ਜਿਨ੍ਹਾਂ ਤੇ 4.62 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਸ਼ਹਿਰ ਦੇ ਨਵੇਂ ਬਣੇ ਮੁਹੱਲਿਆਂ ਵਿਚ ਵੀ ਜਲਦੀ ਹੀ ਸੀਵਰੇਜ਼ ਦੀ ਸੁਵੀਧਾ ਉਪਲਬਧ ਕਰਵਾਈ ਜਾ ਰਹੀ ਹੈ। ਵਾਰਡ ਨੰ: 42 ਦੇ ਕੌਂਸਲਰ ਸੁਰੇਸ਼ ਭਾਟੀਆ ਬਿੱਟੂ ਨੇ ਤਿਕਸ਼ਨ ਸੂਦ ਅਤੇ ਸ਼ਿਵ ਸੂਦ ਵੱਲੋਂ ਕਮਾਲਪੁਰ ਵਿਖੇ ਇੰਨਟਰਲਾਕਿੰਗ ਟਾਈਲਾਂ ਦਾ ਕੰਮ ਸ਼ੁਰੂ ਕਰਵਾਉਣ ਤੇ ਉਹਨਾਂ ਦਾ ਮੁਹੱਲਾ ਵਾਸੀਆਂ ਵੱਲੋਂ ਧੰਨਵਾਦ ਕੀਤਾ।

ਨਗਰ ਨਿਗਮ ਦੇ ਕਾਰਜਕਾਰੀ ਇੰਨਜੀਨੀਅਰ ਸਤੀਸ਼ ਸੈਣੀ, ਏ.ਐਮ.ਈ ਹਰਪ੍ਰੀਤ ਸਿੰਘ, ਜੇ.ਈ ਲਵਦੀਪ, ਆਨੰਦਵੀਰ ਸਿੰਘ, ਕੌਂਸਲਰ ਨਿਪੁਨ ਸ਼ਰਮਾ, ਵਿਕਰਮ ਮਹਿਤਾ, ਸਾਬਕਾ ਕੌਂਸਲਰ ਸ਼ਾਮਾ ਰਾਣੀ, ਲਾਲਾ ਅਮਰਨਾਥ, ਹਰੀਕਿਸ਼ਨ, ਸਤਪਾਲ ਭਾਟੀਆ, ਅਸ਼ਵਨੀ ਓਹਰੀ, ਕੁਲਦੀਪ ਮਲਹੋਤਰਾ, ਰਵਿੰਦਰ ਕੁਮਾਰ ਰਾਜੂ, ਕੁਲਵਿੰਦਰ ਬੱਬੂ, ਮਨਸਾ ਰਾਮ, ਨੰਦ ਲਾਲ, ਸਤੀਸ਼ ਸਰੀਨ, ਵਿਨੋਦ ਮਲਹੋਤਰਾ ਮੋਦੀ, ਵਿਨੋਦ ਸਰੀਨ, ਕਮਲੇਸ਼ ਰਾਣੀ, ਵੀਰਾ ਰਾਣੀ, ਰਜਨੀ ਬਾਲਾ, ਆਸ਼ਾ ਸਰੀਨ, ਰਾਜੇਸ਼ ਰਾਜੂ, ਮਦਨ ਬਾਲੀ, ਸੰਜੂ ਅਰੋੜਾ, ਅਮਰਜੀਤ ਸ਼ਰਮਾ, ਓਮ ਪ੍ਰਕਾਸ਼ ਸ਼ਰਮਾ, ਵਿਨੇ ਖੰਨਾ, ਸੁਨੀਲ ਸ਼ਰਮਾ ਬਾਵਾ, ਗੁਰਦੇਵ ਸਿੰਘ, ਰਿੱਕੀ ਕਟਾਰੀਆ, ਵੀਨਾ ਰਾਣੀ, ਹਰਮਿੰਦਰ ਸਿੰਘ, ਨਵਨੀਤ ਭਾਟੀਆ, ਰਵੀ ਕੁਮਾਰ ਬਬਲੂ, ਵਿਜੇ ਕੁਮਾਰ, ਸ਼ੁਸ਼ੀਲ ਕੁਮਾਰ, ਠਾਕੁਰ ਸਿੰਘ, ਰਾਮ ਕਪੂਰ, ਓਮ ਪ੍ਰਕਾਸ ਤਰੇਹਨ, ਬਿਮਲ ਚੱਡਾ ਅਤੇ ਮੁਹੱਲਾ ਨਿਵਾਸੀ ਵੱਡੀ ਗਿਣਤੀ ਵਿਚ ਹਾਜਰ ਸਨ।